11page7.qxd 5/10/2026 10:51 PM Page 1

ਸਫ਼ਾ 3 ਦੀਆਂ ਬਾਕੀਆਂ

ਵਿਜੇ ਨੇ ਮੁੱਖ ਮੰਤਰੀ ਵਜੋਂ ਚੁਕੀ ਸਹੁੰ

ਦਮ ਉਤੇ ਪੂਰਨ ਬਹੁਮਤ ਨਹੀਂ ਸੀ, ਪਰ ਵਿਜੇ ਨੇ ਕਾਂਗਰਸ, ਖੱਬੇ ਪੱਖੀ ਪਾਰਟੀਆਂ ਅਤੇ ਹੋਰ ਸਹਿਯੋਗੀਆਂ ਨਾਲ ਮਿਲ ਕੇ 120 ਵਿਧਾਇਕਾਂ ਦਾ ਸਮਰਥਨ ਹਾਸਲ ਕੀਤਾ। ਵਿਜੇ ਦੇ ਨਾਲ ਨੌਂ ਹੋਰ ਮੰਤਰੀਆਂ ਨੇ ਵੀ ਸਹੁੰ ਚੁਕੀ। ਇਨ੍ਹਾਂ ਵਿਚ ਐਨ. ਆਨੰਦ, ਆਧਵ ਅਰਜੁਨ, ਡਾ. ਕੇ.ਜੀ. ਅਰੁਣਰਾਜ, ਕੇ.ਏ. ਸੇਂਗੋਟੇਯਨ, ਪੀ. ਵੈਂਕਟਰਮਨ, ਆਰ. ਨਿਰਮਲਕੁਮਾਰ, ਰਾਜਮੋਹਨ, ਡਾ. ਟੀ.ਕੇ. ਪ੍ਰਭੂ ਅਤੇ ਸੇਲਵੀ ਐਸ. ਕੀਰਥਨਾ ਸ਼ਾਮਲ ਹਨ। ਇਹ ਸਾਰੇ ਵਿਜੇ ਦੀ ਪਾਰਟੀ, ਟੀ.ਵੀ.ਕੇ. ਦੇ ਵਿਧਾਇਕ ਹਨ। ਵਰਤਮਾਨ ਵਿਚ ਸਹਿਯੋਗੀ ਪਾਰਟੀਆਂ ਦੇ ਕਿਸੇ ਵੀ ਵਿਧਾਇਕ ਨੂੰ ਵਿਜੇ ਦੀ ਪਹਿਲੀ ਕੈਬਨਿਟ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ। ਕੈਬਨਿਟ ਮੰਤਰੀ ਆਧਵ ਅਰਜੁਨ ਨੇ ਕਿਹਾ, "ਸਾਡੀ ਸਰਕਾਰ ਪਾਰਦਰਸ਼ੀ ਹੋਵੇਗੀ ਅਤੇ ਸਾਰੇ ਘੱਟ ਗਿਣਤੀ ਭਰਾਵਾਂ-ਭੈਣਾਂ ਲਈ ਕੰਮ ਕਰੇਗੀ।" ਇਸ ਮੌਕੇ ਮੌਜੂਦ ਅਦਾਕਾਰਾ ਸਨਮ ਸ਼ੈੱਟੀ ਨੇ ਕਿਹਾ, "ਅੱਜ ਅਸੀਂ ਸ਼ਾਂਤੀ ਨਾਲ ਸੌਂਵਾਂਗੇ ਕਿਉਂਕਿ ਸਾਡਾ ਪਿਆਰਾ ਤਾਮਿਲਨਾਡੂ 'ਥਲਪਤੀ' ਜੋਸਫ਼ ਵਿਜੇ ਸਰ ਦੇ ਸੁਰੱਖਿਅਤ ਹੱਥਾਂ ਵਿਚ ਹੈ।" ਵਿਜੇ ਦੀ ਇਸ ਜਿੱਤ ਨੇ ਨਾ ਸਿਰਫ਼ ਰਾਜ ਦੀ ਸਿਆਸਤ ਬਦਲ ਦਿਤੀ ਹੈ, ਸਗੋਂ 2029 ਦੀਆਂ ਲੋਕ ਸਭਾ ਚੋਣਾਂ ਲਈ ਵੀ ਨਵੇਂ ਸਿਆਸੀ ਸਮੀਕਰਨ ਪੈਦਾ ਕਰ ਦਿਤੇ ਹਨ। ਇਸ ਦੌਰਾਨ ਮੁੱਖ ਮੰਤਰੀ ਵਿਜੇ ਨੇ ਅਪਣੀ ਤਿਰੂਚਿਰਾਪੱਲੀ ਈਸਟ ਵਿਧਾਨ ਸਭਾ ਸੀਟ ਨੂੰ ਛੱਡ ਦਿਤਾ ਹੈ। ਉਹ ਵਿਧਾਨ ਸਭਾ ਚੋਣਾਂ 'ਚ ਦੋ ਸੀਟਾਂ 'ਤੇ ਚੋਣ ਲੜੇ ਸਨ ਅਤੇ ਦੋਹਾਂ 'ਤੇ ਜਿੱਤ ਗਏ ਸਨ। ਉਹ ਹੁਣ ਸਿਰਫ਼ ਪੇਰਾਂਬੂਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ। (ਪੀ.ਟੀ.ਆਈ.)

ਤਾਮਿਲਨਾਡੂ 'ਤੇ ਕਰਜ਼ੇ ਦੇ ਮਾਮਲੇ ਉਤੇ ਸਟਾਲਿਨ ਤੇ ਵਿਜੇ ਆਹਮੋ-ਸਾਹਮਣੇ

'ਪ੍ਰਵਾਨਿਤ ਸੀਮਾਵਾਂ' ਦੇ ਅੰਦਰ ਹੈ। ਸਟਾਲਿਨ ਨੇ ਸੋਸ਼ਲ ਮੀਡੀਆ 'ਐਕਸ' 'ਤੇ ਲਿਖਿਆ, "ਇਹ ਕਹਿਣਾ ਬੰਦ ਕਰੋ ਕਿ ਸਰਕਾਰ ਕੋਲ ਪੈਸਾ ਨਹੀਂ ਹੈ।" ਉਨ੍ਹਾਂ ਅੱਗੇ ਕਿਹਾ ਕਿ, "ਅਸੀਂ ਫ਼ਰਵਰੀ ਦੇ ਬਜਟ ਵਿਚ ਹੀ ਵਿੱਤੀ ਸਥਿਤੀ ਸਪੱਸ਼ਟ ਕਰ ਦਿਤੀ ਸੀ। ਕੀ ਤੁਸੀਂ ਇਹ ਨਹੀਂ ਜਾਣਦੇ ਸੀ ?" ਉਨ੍ਹਾਂ ਵਿਜੇ ਨੂੰ ਗੁਮਰਾਹ ਨਾ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਸੰਭਾਲਣ 'ਤੇ ਬਾਅਦ ਹੀ ਉਹ ਚੋਣ ਵਾਅਦਿਆਂ ਦੀਆਂ ਚੁਣੌਤੀਆਂ ਨੂੰ ਸਮਝ ਸਕਣਗੇ।

ਅਮਾ ਦਾਬਲਾਮ ਦੀ ਔਖੀ ਚੋਟੀ ਨੂੰ 'ਫ਼ਤਿਹ' ਕਰਨ ਵਾਲੀ ਪਹਿਲੀ ਪੰਜਾਬਣ ਬਣੀ ਸੁੱਖੀ ਬੱਲ

ਕੋਈ ਪਹਾੜ ਔਖਾ ਨਹੀਂ।" ਇਸ ਯਾਤਰਾ ਨੂੰ ਉਸ ਨੇ ਸਿਰਫ਼ ਅਪਣੀ ਨਿਜੀ ਜਿੱਤ ਨਹੀਂ, ਸਗੋਂ ਪੰਜਾਬੀ ਔਰਤਾਂ ਦੀ ਸ਼ਾਨ ਨਾਲ ਜੋੜਿਆ। ਸੁੱਖੀ ਬੱਲ ਨੇ ਜ਼ਿਕਰ ਕੀਤਾ ਕਿ ਜਦੋਂ ਉਹ ਚੋਟੀ 'ਤੇ ਪਹੁੰਚੀ, ਮੇਰੇ ਮਨ ਵਿਚ ਸੱਭ ਤੋਂ ਪਹਿਲਾਂ ਅਪਣੇ ਪੰਜਾਬ ਦੀਆਂ ਧੀਆਂ ਦਾ ਚਿਹਰਾ ਆਇਆ। ਮੈਂ ਚਾਹੁੰਦੀ ਹਾਂ ਕਿ ਹਰ ਕੁੜੀ ਅਪਣੇ ਸੁਪਨੇ ਪੂਰੇ ਕਰਨ ਲਈ ਹਿੰਮਤ ਕਰੇ।" ਉਸ ਨੇ ਅਪਣੇ ਤਜਰਬੇ ਨੂੰ ਯਾਦ ਕਰਦਿਆਂ ਕਿਹਾ, "ਜਦੋਂ ਮੈਂ ਚੋਟੀ 'ਤੇ ਤਿਰੰਗਾ ਲਹਿਰਾਇਆ, ਮੇਰੀਆਂ ਅੱਖਾਂ ਵਿਚ ਹੰਝੂ ਸਨ। ਉਹ ਹੰਝੂ ਖ਼ੁਸ਼ੀ ਦੇ ਸਨ, ਕਿਉਂਕਿ ਮੈਂ ਅਪਣੇ ਦੇਸ਼ ਅਤੇ ਪੰਜਾਬ ਦਾ ਨਾਮ ਉੱਚਾ ਕੀਤਾ ਸੀ।" ਅਮਾ ਦਾਬਲਾਮ ਦੀ ਚੜ੍ਹਾਈ ਨੂੰ ਫ਼ਤਿਹ ਕਰ ਕੇ ਨਾ ਸਿਰਫ਼ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ, ਸਗੋਂ ਭਾਰਤ ਦੀਆਂ ਮਹਿਲਾਵਾਂ ਲਈ ਵੀ ਇਕ ਨਵਾਂ ਇਤਿਹਾਸ ਰਚਿਆ ਹੈ। ਉਸ ਦੀ ਕਹਾਣੀ ਸਿਰਫ਼ ਪਹਾੜੀ ਚੜ੍ਹਾਈ ਦੀ ਨਹੀਂ, ਸਗੋਂ ਹਿੰਮਤ, ਸਬਰ ਅਤੇ ਪੰਜਾਬੀਅਤ ਦੀ ਹੈ। ਉਸ ਨੇ ਕਿਹਾ, "ਮੈਂ ਚਾਹੁੰਦੀ ਹਾਂ ਕਿ ਮੇਰੀ ਇਹ ਯਾਤਰਾ ਹਰ ਪੰਜਾਬੀ ਕੁੜੀ ਲਈ ਪ੍ਰੇਰਨਾ ਬਣੇ।" ਇਸ ਜਿੱਤ ਨਾਲ ਸੁੱਖੀ ਬੱਲ ਨੇ ਸਾਬਤ ਕਰ ਦਿਤਾ ਹੈ ਕਿ ਜੇ ਮਨ ਵਿਚ ਹਿੰਮਤ ਹੋਵੇ ਤਾਂ ਕੋਈ ਵੀ ਚੋਟੀ ਔਖੀ ਨਹੀਂ। ਇਸ ਇੰਟਰਵਿਊ ਵਿਚ ਸੁੱਖੀ ਬੱਲ ਨੇ ਨੌਜੁਆਨਾਂ ਨੂੰ ਸੰਦੇਸ਼ ਦਿਤਾ ਕਿ ਉਹ ਅਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਹਿੰਮਤ ਨਾ ਹਾਰਨ। ਉਸ ਨੇ ਕਿਹਾ, "ਜੇਕਰ ਤੁਸੀਂ ਮਨ ਵਿਚ ਨਿਸ਼ਚਾ ਕਰ ਲਵੋ, ਤਾਂ ਕੋਈ ਵੀ ਚੋਟੀ ਔਖੀ ਨਹੀਂ ਰਹਿੰਦੀ।"

ਜੰਗਬੰਦੀ ਮੁੜ ਖ਼ਤਰੇ 'ਚ, ਕਤਰ ਨੇੜੇ ਮਾਲਵਾਹਕ ਜਹਾਜ਼ ਨੂੰ ਲੱਗੀ ਅੱਗ

ਹੁੰਦਾ, ਤਾਂ ਪੂਰੇ ਪੱਧਰ ਉਤੇ ਬੰਬਾਰੀ ਦੁਬਾਰਾ ਸ਼ੁਰੂ ਕੀਤੀ ਜਾ ਸਕਦੀ ਹੈ। ਇਰਾਨ ਦੇ ਜਵਾਬੀ ਰੁਖ਼ ਬਾਰੇ ਬ੍ਰਿਗੇਡੀਅਰ ਜਨਰਲ ਅਕਰਮੀ ਨਿਆ ਨੇ ਆਈ.ਆਰ.ਐਨ.ਏ. (ਆਈ.ਆਰ.ਐਨ.ਏ.) ਨਿਊਜ਼ ਏਜੰਸੀ ਨੂੰ ਦਸਿਆ ਕਿ ਈਰਾਨੀ ਫ਼ੌਜ ਅਪਣੇ ਪ੍ਰਮਾਣੂ ਸਥਾਨਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ, "ਅਸੀਂ ਇਸ ਸੰਭਾਵਨਾ ਨੂੰ ਵਿਚਾਰਿਆ ਹੈ ਕਿ ਉਹ 'ਇਨਫਿਲਟਰੇਸ਼ਨ ਓਪਰੇਸ਼ਨ' ਜਾਂ 'ਹੈਲੀਬੋਰਨ ਓਪਰੇਸ਼ਨ' ਰਾਹੀਂ ਇਸ (ਯੂਰੇਨੀਅਮ) ਨੂੰ ਚੋਰੀ ਕਰਨ ਦਾ ਇਰਾਦਾ ਰੱਖ ਸਕਦੇ ਹਨ।" ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਏਜੰਸੀ ਅਨੁਸਾਰ ਇਰਾਨ ਕੋਲ ਇਸ ਵੇਲੇ 440 ਕਿਲੋਗ੍ਰਾਮ ਤੋਂ ਵੱਧ ਉੱਚ ਪੱਧਰੀ ਸੰਸ਼ੋਧਿਤ ਯੂਰੇਨੀਅਮ ਮੌਜੂਦ ਹੈ, ਜੋ ਹਥਿਆਰ ਬਣਾਉਣ ਦੇ ਬਹੁਤ ਕਰੀਬ ਹੈ। ਇਸ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਖੇਤਰੀ ਸਥਿਤੀ ਨੂੰ ਸੁਲਝਾਉਣ ਲਈ ਕਤਰ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ ਹੈ ਅਤੇ ਸ਼ਾਂਤੀ ਦੀਆਂ ਕੋਸ਼ਿਸ਼ਾਂ ਜਾਰੀ ਰੱਖਣ ਦਾ ਭਰੋਸਾ ਦਿਤਾ ਹੈ।

ਇਰਾਨ ਨੇ ਟਰੰਪ ਦੇ ਪ੍ਰਸਤਾਵ ਦਾ ਭੇਜਿਆ ਜਵਾਬ

ਤਹਿਰਾਨ, 10 ਮਈ : ਜੰਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ ਇਰਾਨ ਨੇ ਅਮਰੀਕਾ ਦੇ ਤਾਜ਼ਾ ਜੰਗਬੰਦੀ ਪ੍ਰਸਤਾਵ 'ਤੇ ਆਪਣਾ ਅਧਿਕਾਰਤ ਜਵਾਬ ਸੌਂਪ ਦਿਤਾ ਹੈ। ਇਰਾਨ ਦੇ ਸਰਕਾਰੀ ਮੀਡੀਆ ਅਨੁਸਾਰ ਇਹ ਜਵਾਬ ਪਾਕਿਸਤਾਨੀ ਵਿਚੋਲਿਆਂ ਰਾਹੀਂ ਅਮਰੀਕੀ ਪ੍ਰਸ਼ਾਸਨ ਤਕ ਪਹੁੰਚਾਇਆ ਗਿਆ ਹੈ। ਇਹ ਪ੍ਰਤੀਕਿਰਿਆ ਅਜਿਹੇ ਸਮੇਂ ਹੋਈ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿਚ ਇਰਾਨ ਨੂੰ ਵਾਸ਼ਿੰਗਟਨ ਦੇ ਪ੍ਰਸਤਾਵਿਤ ਸ਼ਾਂਤੀ ਸਮਝੌਤੇ 'ਤੇ ਜਵਾਬ ਦੇਣ ਲਈ ਇਕ ਹਫ਼ਤੇ ਦਾ ਸਮਾਂ ਦਿਤਾ ਸੀ। ਟਰੰਪ ਨੇ ਓਵਲ ਆਫ਼ਿਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਮੀਦ ਪ੍ਰਗਟਾਈ ਸੀ ਕਿ ਇਕ ਸਮਝੌਤਾ ਹੋਣਾ ਸੰਭਵ ਹੈ ਅਤੇ ਇਹ ਪ੍ਰਕਿਰਿਆ ਜਲਦੀ ਪੂਰੀ ਹੋ ਸਕਦੀ ਹੈ। ਇਰਾਨ ਦੇ ਵਿਦੇਸ਼ ਮੰਤਰਾਲੇ ਨੇ ਵੀ ਪੁਸ਼ਟੀ ਕੀਤੀ ਸੀ ਕਿ ਪ੍ਰਸਤਾਵ ਦਾ ਬਾਰੀਕੀ ਨਾਲ ਮੁਲਾਂਕਣ ਕੀਤਾ ਜਾ ਰਿਹਾ ਹੈ। ਇਰਾਨ ਨੇ ਅਮਰੀਕਾ ਦੀ 9-ਨੁਕਾਤੀ ਯੋਜਨਾ ਦੇ ਜਵਾਬ ਵਜੋਂ ਅਪਣੀ ਇਕ 14-ਨੁਕਾਤੀ ਸ਼ਾਂਤੀ ਯੋਜਨਾ ਪੇਸ਼ ਕੀਤੀ ਹੈ। ਇਸ ਯੋਜਨਾ ਦੇ ਤਿੰਨ ਮੁੱਖ ਪੜਾਅ ਹਨ, ਜਿਸ ਵਿਚ 30 ਦਿਨਾਂ ਦਾ ਅਜਿਹਾ ਫ਼ੇਜ਼ ਸ਼ਾਮਲ ਹੈ ਜਿਸ ਦਾ ਉਦੇਸ਼ ਮੌਜੂਦਾ ਜੰਗਬੰਦੀ ਨੂੰ ਜੰਗ ਦੇ ਮੁਕੰਮਲ ਖ਼ਾਤਮੇ ਵਿਚ ਬਦਲਣਾ ਹੈ। ਇਰਾਨ ਦੀਆਂ ਮੁੱਖ ਮੰਗਾਂ ਵਿੱਚ ਹੇਠ ਲਿਖੇ ਨੁਕਤੇ ਸ਼ਾਮਲ ਹਨ: ਅਮਰੀਕਾ ਵਲੋਂ ਇਰਾਨ 'ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਹਟਾਉਣਾ, ਇਰਾਨੀ ਬੰਦਰਗਾਹਾਂ ਦੀ ਘੇਰਾਬੰਦੀ ਖ਼ਤਮ ਕਰਨਾ, ਖੇਤਰ ਵਿਚੋਂ ਅਮਰੀਕੀ ਫ਼ੌਜਾਂ ਦੀ ਵਾਪਸੀ, ਲਿਬਨਾਨ ਵਿਚ ਇਜ਼ਰਾਈਲ ਦੀ ਜੰਗ ਸਮੇਤ ਸਾਰੀਆਂ ਦੁਸ਼ਮਣੀਆਂ ਨੂੰ ਬੰਦ ਕਰਨਾ।

ਸੰਜੀਵ ਅਰੋੜਾ ਦੀ ਈਡੀ ਵਲੋਂ ਗ੍ਰਿਫ਼ਤਾਰੀ ਵਿਰੁਧ 'ਆਪ' ਪੰਜਾਬ ਭਰ 'ਚ ਉਤਰੀ ਸੜਕਾਂ 'ਤੇ

ਪੁਤਲਾ ਵੀ ਫੂਕਿਆ। ਸੀਨੀਅਰ 'ਆਪ' ਆਗੂ ਅਤੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਨੇ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਰਗੀਆਂ ਏਜੰਸੀਆਂ ਨੂੰ ਸਿਆਸੀ ਹਥਿਆਰ ਬਣਾ ਦਿਤਾ ਹੈ। ਜਦੋਂ ਵੀ ਭਾਜਪਾ ਨੂੰ ਸਿਆਸੀ ਹਾਰ ਜਾਂ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਵਿਰੋਧੀ ਆਗੂਆਂ 'ਤੇ ਕੇਂਦਰੀ ਏਜੰਸੀਆਂ ਨੂੰ ਛੱਡ ਦਿੰਦੀ ਹੈ। ਪਹਿਲਾਂ ਬੰਗਾਲ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਹੁਣ ਪੰਜਾਬ 'ਤੇ ਹਮਲਾ ਕੀਤਾ ਜਾ ਰਿਹਾ ਹੈ ਕਿਉਂਕਿ ਭਾਜਪਾ 'ਆਪ' ਦੀ ਵਧਦੀ ਲੋਕਪ੍ਰਿਯਤਾ ਅਤੇ ਭਗਵੰਤ ਮਾਨ ਸਰਕਾਰ ਵਲੋਂ ਕੀਤੇ ਜਾ ਰਹੇ ਲੋਕ-ਪੱਖੀ ਕੰਮਾਂ ਨੂੰ ਹਜ਼ਮ ਨਹੀਂ ਕਰ ਪਾ ਰਹੀ। ਚੀਮਾ ਨੇ ਦਾਅਵਾ ਕੀਤਾ ਕਿ ਭਾਜਪਾ ਲੋਕਤੰਤਰੀ ਤਰੀਕੇ ਨਾਲ ਚੁਣੀਆਂ ਗਈਆਂ ਸਰਕਾਰਾਂ ਨੂੰ ਡਰਾ-ਧਮਕਾ ਕੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਉਹ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਹਰਾ ਨਹੀਂ ਸਕੀ। ਪੰਜਾਬ ਦੇ ਲੋਕ ਦੇਖ ਰਹੇ ਹਨ ਕਿ ਕਿਵੇਂ ਬਦਲਾਖੋਰੀ ਦੀ ਰਾਜਨੀਤੀ ਲਈ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਭਾਜਪਾ ਦੀ ਰਾਜਨੀਤੀ ਧਮਕੀਆਂ, ਛਾਪਿਆਂ ਅਤੇ ਜ਼ਬਰਦਸਤੀ ਦੇ ਦੁਆਲੇ ਘੁੰਮਦੀ ਹੈ। ਜਦੋਂ 'ਆਪ' ਨੇ ਕੇਂਦਰ ਅੱਗੇ ਝੁਕਣ ਤੋਂ ਇਨਕਾਰ ਕਰ ਦਿਤਾ ਤਾਂ ਉਨ੍ਹਾਂ ਨੇ ਪਹਿਲਾਂ ਪੰਜਾਬ ਦੇ ਰਾਜ ਸਭਾ ਮੈਂਬਰਾਂ 'ਤੇ ਦਬਾਅ ਪਾਇਆ ਅਤੇ ਬਾਅਦ ਵਿਚ ਕੈਬਨਿਟ ਮੰਤਰੀਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਨੂੰ ਈਡੀ, ਸੀਬੀਆਈ ਅਤੇ ਇਨਕਮ ਟੈਕਸ ਦੇ ਛਾਪਿਆਂ ਰਾਹੀਂ ਡਰਾਇਆ ਜਾ ਸਕਦਾ ਹੈ ਪਰ ਪੰਜਾਬੀਆਂ ਦਾ ਜ਼ੁਲਮ ਵਿਰੁਧ ਖੜ੍ਹਨ ਦਾ ਇਤਿਹਾਸ ਰਿਹਾ ਹੈ ਅਤੇ ਉਹ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ। ਡਾ. ਬਲਬੀਰ ਸਿੰਘ ਨੇ ਅੱਗੇ ਕਿਹਾ ਕਿ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਵਿਰੁਧ ਛਾਪੇਮਾਰੀ ਕਿਉਂ ਬੰਦ ਹੋ ਗਈ ?

ਸੰਜੀਵ ਅਰੋੜਾ ਦਾ ਮਿਲਿਆ 7 ਦਿਨਾਂ ਦਾ ਰਿਮਾਂਡ

ਰਜਿਸਟ੍ਰੇਸ਼ਨ ਨੰਬਰਾਂ ਵਾਲੀਆਂ ਗੱਡੀਆਂ ਵਿਚ ਦਿੱਲੀ ਲੈ ਗਈ। ਇਸ ਤੋਂ ਪਹਿਲਾਂ ਮੰਤਰੀ ਨੂੰ ਉਸ ਰਾਤ ਗੁਰੂਗ੍ਰਾਮ ਦੀ ਇਕ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੰਤਰੀ ਨੂੰ ਸੱਤ ਦਿਨਾਂ ਦੇ ਰਿਮਾਂਡ ਉਤੇ ਭੇਜ ਦਿਤਾ। ਇਸ ਦੌਰਾਨ, ਟੀਮ ਹੋਰ ਪੁੱਛ-ਪੜਤਾਲ ਕਰੇਗੀ। ਮੰਤਰੀ ਹੁਣ 16 ਮਈ ਨੂੰ ਦੁਬਾਰਾ ਅਦਾਲਤ ਵਿਚ ਪੇਸ਼ ਹੋਣਗੇ। ਸੰਜੀਵ ਅਰੋੜਾ ਦੇ ਵਕੀਲ ਅਰਜੁਨ ਨੇ ਦਸਿਆ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ, ਈ.ਡੀ. ਨੇ 10 ਦਿਨਾਂ ਦਾ ਰਿਮਾਂਡ ਮੰਗਿਆ ਸੀ। ਇਸ ਲਈ ਇਕ ਅਰਜ਼ੀ ਦਾਇਰ ਕੀਤੀ ਗਈ ਸੀ। ਇਸ ਮਾਮਲੇ ਉਤੇ ਅਦਾਲਤ ਵਿਚ ਬਹਿਸ ਹੋਈ ਅਤੇ ਈ.ਡੀ. ਨੂੰ ਸੱਤ ਦਿਨਾਂ ਦਾ ਰਿਮਾਂਡ ਦਿਤਾ ਗਿਆ। ਵਕੀਲ ਨੇ ਕਿਹਾ, "ਅਸੀਂ ਅਦਾਲਤ ਮੁੱਦਾ ਉਠਾਇਆ ਹੈ। ਈ.ਡੀ. ਨੇ ਕੋਈ ਜਾਂਚ ਨਹੀਂ ਕੀਤੀ। ਉਨ੍ਹਾਂ ਨੇ 5 ਮਈ ਨੂੰ ਕੇਸ ਦਰਜ ਕੀਤਾ ਅਤੇ 9 ਮਈ ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਇਹ ਸਾਰਾ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ ਹੈ।"

ਮੁੱਖ ਮੰਤਰੀ ਸੰਜੀਵ ਅਰੋੜਾ ਨੂੰ ਬਿਨਾਂ ਦੇਰੀ ਮੰਤਰੀ ਮੰਡਲ ਤੋਂ ਹਟਾਉਣ : ਬਾਜਵਾ

ਜਵਾਬਦੇਹੀ ਦੇ ਉਨ੍ਹਾਂ ਮਿਆਰਾਂ ਨੂੰ ਕਾਇਮ ਰੱਖਣ ਵਿਚ ਪੂਰੀ ਤਰ੍ਹਾਂ ਨਾਕਾਮ ਰਹੇ ਹਨ, ਜਿਨ੍ਹਾਂ ਦਾ ਵਾਅਦਾ ਆਮ ਆਦਮੀ ਪਾਰਟੀ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਕੀਤਾ ਸੀ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨਾਲ ਜੁੜੇ ਵਿਵਾਦਾਂ ਵਿਚ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਵਾਰ-ਵਾਰ ਨਾਮ ਆਉਣਾ ਪਾਰਟੀ ਦੀ ਕਥਿਤ ਸਾਫ਼-ਸੁਥਰੀ ਰਾਜਨੀਤੀ ਦੇ ਮਾਡਲ ਦੀ ਅਸਲ ਹਕੀਕਤ ਨੂੰ ਬੇਨਕਾਬ ਕਰਦਾ ਹੈ। ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਨੂੰ ਤੁਰਤ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਤੋਂ ਬਰਖ਼ਾਸਤ ਕਰਨਾ ਚਾਹੀਦਾ ਹੈ। ਮਨੀ ਲਾਂਡਰਿੰਗ ਵਰਗੇ ਗੰਭੀਰ ਮਾਮਲੇ ਵਿਚ ਗ੍ਰਿਫ਼ਤਾਰ ਮੰਤਰੀ ਜਾਂਚ ਮੁਕੰਮਲ ਹੋਣ ਤਕ ਅਹੁਦੇ 'ਤੇ ਨਹੀਂ ਰਹਿ ਸਕਦਾ। ਜੇ ਮਾਨ ਹੁਣ ਵੀ ਕਾਰਵਾਈ ਕਰਨ ਤੋਂ ਇਨਕਾਰ ਕਰਦੇ ਹਨ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਭ੍ਰਿਸ਼ਟਾਚਾਰ ਵਿਰੁਧ ਸਿਫ਼ਰ ਸਹਿਨਸ਼ੀਲਤਾ ਦੇ ਆਮ ਆਦਮੀ ਪਾਰਟੀ ਦੇ ਦਾਅਵੇ ਸਿਰਫ਼ ਰਾਜਨੀਤਕ ਨਾਹਰੇ ਸਨ।

ਬਠਿੰਡਾ 'ਚ ਭਾਜਪਾ ਤੇ 'ਆਪ' ਆਗੂ ਹੋਏ ਆਹਮੋ-ਸਾਹਮਣੇ

ਦੋਵਾਂ ਧਿਰਾਂ ਵਲੋਂ ਇਕ-ਦੂਜੇ ਵਿਰੁਧ ਤਿੱਖੀ ਨਾਹਰੇਬਾਜ਼ੀ ਕੀਤੀ ਗਈ। ਭਾਜਪਾ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਅਤੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਦੀ ਅਗਵਾਈ ਹੇਠ ਭਾਜਪਾ ਵਰਕਰ ਪਹਿਲਾਂ ਤੋਂ ਹੀ ਪੂਰੀ ਤਿਆਰੀ ਨਾਲ ਭਾਜਪਾ ਦਫ਼ਤਰ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਭਾਜਪਾ ਆਗੂ ਅਤੇ ਵਰਕਰ ਹੱਥਾਂ ਵਿਚ ਪਾਰਟੀ ਦੇ ਝੰਡੇ ਫੜੇ ਹੋਏ ਸਨ। ਪੂਰੇ ਜੋਸ਼ ਅਤੇ ਤੈਸ਼ ਵਿਚ ਨਜ਼ਰ ਆ ਰਹੇ ਭਾਜਪਾ ਵਰਕਰ ਲਗਾਤਾਰ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਵਿਰੁਧ ਨਾਹਰੇਬਾਜ਼ੀ ਕਰ ਰਹੇ ਸਨ ਜਦਕਿ 'ਆਪ' ਪਾਰਟੀ ਦਾ ਚੋਣ ਚਿੰਨ੍ਹ ਝਾੜੂ ਨੂੰ ਵੀ ਭਾਜਪਾ ਵਾਲਿਆਂ ਨੇ ਸੜਕ 'ਤੇ ਖਿਲਾਰਿਆ। ਇਸ ਮੌਕੇ ਭਾਜਪਾ ਆਗੂਆਂ ਨੇ ਆਮ ਆਦਮੀ ਪਾਰਟੀ ਨੂੰ ਲਲਕਾਰਦਿਆਂ ਕਿਹਾ ਕਿ ਪਾਰਟੀ ਵਲੋਂ ਰੋਸ ਧਰਨੇ ਦਾ ਸਮਾਂ ਦਿਤੇ ਜਾਣ ਦੇ ਬਾਵਜੂਦ ਕੋਈ ਵੀ ਆਗੂ ਮੌਕੇ 'ਤੇ ਨਹੀਂ ਪਹੁੰਚਿਆ। ਦੂਜੇ ਪਾਸੇ ਸਥਿਤੀ ਨੂੰ ਭਾਂਪਦਿਆਂ ਪੁਲਿਸ ਪ੍ਰਸ਼ਾਸਨ ਵਲੋਂ ਭਾਜਪਾ ਦਫ਼ਤਰ ਦੇ ਆਲੇ-ਦੁਆਲੇ ਭਾਰੀ ਪੁਲਿਸ ਫ਼ੋਰਸ ਤਾਇਨਾਤ ਕੀਤੀ ਗਈ ਸੀ ਅਤੇ ਪੂਰਾ ਇਲਾਕਾ ਪੁਲਿਸ ਛਾਉਣੀ ਵਿਚ ਤਬਦੀਲ ਹੋਇਆ ਦਿਖਾਈ ਦਿਤਾ। ਕੁੱਝ ਸਮੇਂ ਬਾਅਦ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿਚ ਮੌਕੇ 'ਤੇ ਪਹੁੰਚਣੇ ਸ਼ੁਰੂ ਹੋਏ। ਉਤਸ਼ਾਹਿਤ ਵਰਕਰਾਂ ਨੇ ਪੁਲਿਸ ਵਲੋਂ ਲਗਾਈਆਂ ਰੋਕਾਂ ਨੂੰ ਕੁੱਝ ਹੀ ਸੈਕਿੰਡਾਂ ਵਿਚ ਪਾਰ ਕਰਦਿਆਂ ਭਾਜਪਾ ਦਫ਼ਤਰ ਦੇ ਬਾਹਰ ਧਰਨਾ ਲਗਾ ਦਿਤਾ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਲੋਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਈਡੀ ਵਿਰੁਧ ਤਿੱਖੀ ਨਾਹਰੇਬਾਜ਼ੀ ਕੀਤੀ ਗਈ। ਉਧਰ ਭਾਜਪਾ ਵਰਕਰ ਵੀ ਹੱਥਾਂ ਵਿਚ ਡੰਡਿਆਂ ਨਾਲ ਲੱਗੇ ਪਾਰਟੀ ਝੰਡੇ ਫੜ ਕੇ ਲਗਾਤਾਰ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਵਿਰੁਧ ਨਾਹਰੇ ਲਗਾਉਂਦੇ ਰਹੇ। ਦੋਵਾਂ ਧਿਰਾਂ ਦੇ ਆਗੂਆਂ ਅਤੇ ਵਰਕਰਾਂ ਵਿਚਕਾਰ ਸਿਆਸੀ ਤਣਾਅ ਸਾਫ਼ ਤੌਰ 'ਤੇ ਮਹਿਸੂਸ ਕੀਤਾ ਜਾ ਰਿਹਾ ਸੀ। ਹਾਲਾਂਕਿ ਪੁਲਿਸ ਪ੍ਰਸ਼ਾਸਨ ਦੀ ਸਾਵਧਾਨੀ ਕਾਰਨ ਕਿਸੇ ਵੀ ਤਰ੍ਹਾਂ ਦੇ ਸਿੱਧੇ ਟਕਰਾਅ ਤੋਂ ਬਚਾਅ ਰਿਹਾ, ਪਰ ਮੌਕੇ 'ਤੇ ਸਿਆਸੀ ਤੌਰ 'ਤੇ ਦੋਵਾਂ ਧਿਰਾਂ ਦੇ "ਸਿੰਗ ਫਸੇ" ਹੋਏ ਸਪਸ਼ਟ ਨਜ਼ਰ ਆਏ। ਪੂਰੇ ਘਟਨਾਕ੍ਰਮ ਦੌਰਾਨ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਵਲੋਂ ਇੱਕ-ਦੂਜੇ 'ਤੇ ਤਿੱਖੇ ਸਿਆਸੀ ਦੋਸ਼ ਲਗਾਏ ਗਏ ਅਤੇ ਬਠਿੰਡਾ ਦਾ ਸਿਆਸੀ ਮਾਹੌਲ ਲੰਬੇ ਸਮੇਂ ਤਕ ਗਰਮਾਇਆ ਰਿਹਾ।

ਪ੍ਰੀਤੀ ਜ਼ਿੰਟਾ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਲੰਗਰ ਹਾਲ 'ਚ ਕੀਤੀ ਸੇਵਾ

ਆਇਆ ਸੀ, ਅਸੀਂ ਆ ਗਏ। ਉਨ੍ਹਾਂ ਕਿਹਾ ਕਿ 11 ਤਰੀਕ ਨੂੰ ਟੀਮ ਦਾ ਅਹਿਮ ਮੈਚ ਹੈ ਅਤੇ ਉਹ ਵਾਹਿਗੁਰੂ ਅੱਗੇ ਪੰਜਾਬ ਦੀ ਜਿੱਤ ਲਈ ਅਰਦਾਸ ਕਰਨ ਆਏ ਹਨ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਵਾਹਿਗੁਰੂ ਜੀ ਦੀ ਕਿਰਪਾ ਨਾਲ ਟੀਮ ਸ਼ਾਨਦਾਰ ਪ੍ਰਦਰਸ਼ਨ ਕਰੇਗੀ ਅਤੇ ਸਾਰੇ ਮੈਚ ਜਿੱਤਣ ਦੀ ਕੋਸ਼ਿਸ਼ ਕਰੇਗੀ। ਪ੍ਰੀਤੀ ਜ਼ਿੰਟਾ ਨੇ ਪੰਜਾਬ ਦੀ ਆਈਪੀਐਲ ਟੀਮ ਦੇ ਕਪਤਾਨ ਸ਼ੇਅਰਸ ਈਅਰ ਬਾਰੇ ਵੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਵਲੋਂ ਉਨ੍ਹਾਂ ਨੂੰ 'ਸਰਪੰਚ' ਕਹਿ ਕੇ ਬੁਲਾਉਣਾ ਬਹੁਤ ਮਾਣ ਅਤੇ ਪਿਆਰ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਅਤੇ ਖ਼ਾਸ ਕਰ ਕੇ ਨੌਜਵਾਨਾਂ ਵਲੋਂ ਟੀਮ ਨੂੰ ਬਹੁਤ ਪਿਆਰ ਮਿਲ ਰਿਹਾ ਹੈ, ਜਿਸ ਲਈ ਉਹ ਸੱਭ ਦਾ ਧਨਵਾਦ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪਿਆਰ ਅਤੇ ਸਮਰਥਨ ਹੀ ਟੀਮ ਲਈ ਸੱਭ ਤੋਂ ਵੱਡੀ ਤਾਕਤ ਹੈ।

ਕੈਨੇਡਾ 'ਚ ਫ਼ੂਡ ਸੈਕਟਰ 'ਚ ਕੰਮ ਕਰਦੇ ਪੰਜਾਬੀਆਂ ਦੀ ਪੀ.ਆਰ 'ਤੇ ਛਾਇਆ ਸੰਕਟ

ਵਿਚ ਫ਼ੂਡ ਸੁਪਰਵਾਈਜ਼ਰ ਜਾਂ ਰਿਟੇਲ ਮੈਨੇਜਰ ਵਜੋਂ ਕੰਮ ਕਰਨ ਵਾਲੇ ਇੰਟਰਨੈਸ਼ਨਲ ਸਟੂਡੈਂਟਸ ਲਈ ਪੀ.ਆਰ. ਦੇ ਰਾਹ ਬੰਦ ਕਰ ਦਿਤੇ ਗਏ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਰਵਿਸ ਸੈਕਟਰ (ਜਿਵੇਂ ਕਿ ਰੈਸਟੋਰੈਂਟ, ਡਿਲੀਵਰੀ ਅਤੇ ਹੋਰ ਆਮ ਨੌਕਰੀਆਂ) ਵਿਚ ਕੰਮ ਕਰਨ ਵਾਲੇ ਵਿਦਿਆਰਥੀਆਂ ਲਈ ਪੱਕੇ ਹੋਣ ਦੇ ਮੌਕੇ ਲਗਭਗ ਖ਼ਤਮ ਕਰ ਦਿਤੇ ਹਨ। ਇਕੱਲੇ ਨੋਵਾ ਸਕੋਸ਼ੀਆ ਵਿਚ ਸੈਂਕੜੇ ਪੰਜਾਬੀ ਨੌਜਵਾਨ ਮੌਜੂਦ ਹਨ ਜੋ ਇਨ੍ਹਾਂ ਖੇਤਰਾਂ ਵਿਚ ਕੰਮ ਕਰਦਿਆਂ ਪੀ.ਆਰ. ਹਾਸਲ ਕਰਨ ਦੇ ਯਤਨ ਕਰ ਰਹੇ ਸਨ। ਧਰਨੇ 'ਤੇ ਬੈਠੇ ਨੌਜਵਾਨਾਂ ਨੇ ਕਿਹਾ ਕਿ ਬਗ਼ੈਰ ਕਿਸੇ ਅਗਾਊਂ ਸੂਚਨਾ ਤੋਂ ਉਨ੍ਹਾਂ ਦੇ ਪੇਸ਼ੇਵਰ ਖੇਤਰ ਨੂੰ ਪੀ.ਆਰ. ਲਈ ਤਰਜੀਹੀ ਸੂਚੀ ਵਿਚੋਂ ਬਾਹਰ ਕੱਢ ਦਿਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਨੋਵਾ ਸਕੋਸ਼ੀਆ ਸਰਕਾਰ ਵਲੋਂ ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ ਤਹਿਤ ਸਿਰਫ਼ ਹੈਲਥਕੇਅਰ ਅਤੇ ਕੰਸਟਰਕਸ਼ਨ ਸੈਕਟਰ ਵਰਗੇ ਖੇਤਰਾਂ ਨੂੰ ਤਰਜੀਹ ਦਿਤੀ ਜਾ ਰਹੀ ਹੈ। (**ਏਜੰਸੀ**)

ਭਾਰਤ ਨੇ ਚੀਨ ਨੂੰ ਹਰਾ ਜਿੱਤਿਆ ਤੀਰਅੰਦਾਜ਼ੀ ਵਿਸ਼ਵ ਕੱਪ ਸੋਨ ਤਮਗ਼ਾ

ਸ਼ੰਘਾਈ, 10 ਮਈ : ਭਾਰਤੀ ਮਹਿਲਾ ਰਿਕਰਵ ਟੀਮ ਨੇ ਸ਼ੰਘਾਈ ਵਿਚ ਖੇਡੇ ਜਾ ਰਹੇ ਤੀਰਅੰਦਾਜ਼ੀ ਵਿਸ਼ਵ ਕੱਪ 2026 ਦੇ ਦੂਜੇ ਪੜਾਅ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਮਗ਼ਾ ਅਪਣੇ ਨਾਮ ਕਰ ਲਿਆ ਹੈ। ਦੀਪਿਕਾ ਕੁਮਾਰੀ, ਅੰਕਿਤਾ ਭਗਤ ਅਤੇ ਕੁਮਕੁਮ ਮੋਹੋਦ ਦੀ ਤਿਕੜੀ ਨੇ ਇਕ ਰੁਮਾਂਚਕ ਫ਼ਾਈਨਲ ਮੁਕਾਬਲੇ ਵਿਚ ਮੇਜ਼ਬਾਨ ਚੀਨ ਨੂੰ ਸ਼ੂਟ-ਆਫ਼ ਵਿਚ 5-4 (28-26) ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ। ਫ਼ਾਈਨਲ ਮੁਕਾਬਲਾ ਬਹੁਤ ਹੀ ਦਿਲਚਸਪ ਰਿਹਾ, ਜਿੱਥੇ ਭਾਰਤ ਨੇ ਪਹਿਲਾ ਸੈੱਟ 54-53 ਨਾਲ ਜਿੱਤ ਕੇ ਸ਼ਾਨਦਾਰ ਸ਼ੁਰੂਆਤ ਕੀਤੀ। ਹਾਲਾਂਕਿ ਚੀਨ ਨੇ ਜ਼ੋਰਦਾਰ ਵਾਪਸੀ ਕਰਦਿਆਂ ਦੂਜਾ ਸੈੱਟ 55-52 ਅਤੇ ਤੀਜਾ ਸੈੱਟ 57-56 ਨਾਲ ਜਿੱਤ ਕੇ ਲੀਡ ਬਣਾ ਲਈ। ਭਾਰਤੀ ਟੀਮ ਨੇ ਦਬਾਅ ਦੇ ਬਾਵਜੂਦ ਹਿੰਮਤ ਨਹੀਂ ਹਾਰੀ ਅਤੇ ਚੌਥਾ ਸੈੱਟ ਜਿੱਤ ਕੇ ਮੁਕਾਬਲੇ ਨੂੰ ਸ਼ੂਟ-ਆਫ਼ ਤਕ ਪਹੁੰਚਾ ਦਿਤਾ। ਨਿਰਣਾਇਕ ਸ਼ੂਟ-ਆਫ਼ ਵਿਚ ਭਾਰਤੀ ਖਿਡਾਰੀਆਂ ਨੇ ਬਿਹਤਰੀਨ ਸੰਜਮ ਦਾ ਮੁਜ਼ਾਹਰਾ ਕੀਤਾ। ਅੰਕਿਤਾ ਭਗਤ ਨੇ 9 ਅੰਕ ਜੁਟਾਏ ਜਦਕਿ 17 ਸਾਲਾ ਕੁਮਕੁਮ ਮੋਹੋਦ ਨੇ ਸ਼ਾਨਦਾਰ 10 ਦਾ ਸਕੋਰ ਕੀਤਾ। ਭਾਰਤ ਨੂੰ ਜਿੱਤ ਲਈ 8 ਅੰਕਾਂ ਦੀ ਲੋੜ ਸੀ ਅਤੇ ਤਜਰਬੇਕਾਰ ਦੀਪਿਕਾ ਕੁਮਾਰੀ ਨੇ 9 ਅੰਕ ਹਾਸਲ ਕਰ ਕੇ ਭਾਰਤ ਨੂੰ ਯਾਦਗਾਰ ਜਿੱਤ ਦਿਵਾਈ।

ਰੋਜ਼ਾਨਾ ਸਪੋਕਸਮੈਨ ਕਲਾਸੀਫ਼ਾਈਡ
CLASSIFIED

ਨਾਮ ਬਦਲੀ

- ਮੈਂ, ਗੁਰਦੀਪ ਸਿੰਘ ਭੁੱਲਰ ਪੁੱਤਰ ਭਰਪੂਰ ਸਿੰਘ ਵਾਸੀ ਪਿੰਡ ਅਤੇ ਡਾਕ ਮੌੜਾਂ ਜਿਲਾ ਸੰਗਰੂਰ ਨੇ ਆਪਣਾ ਨਾਮ ਬਦਲ ਕੇ ਗੁਰਦੀਪ ਸਿੰਘ ਰੱਖ ਲਿਆ ਹੈ।
- ਮੈਂ, ਗੁਰਮੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਅਤੇ ਡਾਕ ਮੌੜਾਂ ਜਿਲਾ ਸੰਗਰੂਰ ਨੇ ਆਪਣਾ ਨਾਮ ਬਦਲ ਕੇ ਮੀਤ ਸਿੰਘ ਰੱਖ ਲਿਆ ਹੈ।
- ਮੈਂ, ਪਰਮਜੀਤ ਕੌਰ ਪਤਨੀ ਗੁਰਦੀਪ ਸਿੰਘ ਵਾਸੀ ਪਿੰਡ ਅਤੇ ਡਾਕ ਮੌੜਾਂ ਜਿਲਾ ਸੰਗਰੂਰ ਨੇ ਆਪਣਾ ਨਾਮ ਬਦਲ ਕੇ ਬਲਜਿੰਦਰ ਕੌਰ ਰੱਖ ਲਿਆ ਹੈ।

ਬੇਦਖਲੀ

- ਮੈਂ, ਰਾਮ ਸਰੂਪ ਪੁੱਤਰ ਬੂਟਾ ਰਾਮ, ਹਾਲ ਅਬਾਦ ਪਿੰਡ ਬਾਘਾ, ਤਹਿਸੀਲ ਤਲਵੰਡੀ ਸਾਬੋ, ਜਿਲ੍ਹਾ ਬਠਿੰਡਾ (ਵਾਸੀ ਸੂਰਤਗੜ੍ਹ, ਜਿਲ੍ਹਾ ਗੰਗਾਨਗਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਸ਼ਦ ਬੁਰੀ ਸੰਗਤ ਵਿੱਚ ਹੋਣ ਕਾਰਨ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈ ਉਸ ਨੂੰ ਆਪਣੀ ਚੱਲ ਅਤੇ ਅਚੱਲ ਜਇਦਾਦ ਚੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਆਮ ਸੂਚਨਾ

- ਮੈਂ, ਖੁਸ਼ਦੀਪ ਰਾਮ ਪੁੱਤਰ ਸੁਰਜੀਤ ਰਾਮ ਵਾਸੀ ਢਾਣੀ ਮਲੋਟ ਰੋਡ ਮਹਿਣਾ, ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਹਰ ਆਮ ਅਤੇ ਖਾਸ ਨੂੰ ਸੂਚਿਤ ਕਰਦਾ ਹਾਂ ਕਿ ਮੇਰੇ ਦਸਵੀਂ ਅਤੇ ਬਾਰ ਵੀਂ ਦੇ ਸਰਟੀਫਿਕੇਟ ਤੇ ਮੇਰੀ ਮਾਤਾ ਦਾ ਨਾਮ ਗੁਰਮੀਤ ਕੌਰ ਸਹੀ ਹੈ, ਪਰ ਪੰਜਾਬੀ ਯੂਨੀਵਸਿਟੀ ਪਟਿਆਲਾ ਬੀ.ਏ. ਦੇ ਸਰਟੀਫਿਕੇਟ ਤੇ ਮੇਰੀ ਮਾਤਾ ਦਾ ਨਾਮ ਗਲਤੀ ਨਾਲ ਮਨਜੀਤ ਕੌਰ ਲਿਖ ਦਿੱਤਾ ਹੈ। ਇਸ ਸੰਬੰਧੀ ਕਰੈਕਸ਼ਨ ਲਈ ਮੈਂ ਜਰੂਰਤ ਅਨੁਸਾਰ ਇਹ ਸੂਚਨਾ ਹਰ ਆਮ ਅਤੇ ਖਾਸ ਨੂੰ ਦੇ ਰਿਹਾ ਹਾਂ। ਸੰਬੰਧਤ ਨੋਟ ਕਰਨ।

PUBLIC NOTICE

That Smt. Sunita Devi W/o Sh. Ravinder Kumar (hereinafter referred to as the Mortgagor) is going to Purchase Flat no. S-2. First Floor, measuring 00 Kanal 3/4 Marla (30 Sq. Yards) bearing Khewat/Khatoni No. 48/55, comprised under Khasra No. 27/25/2(3-8), Kitte 01, land measuring 03 Kanal 08 Marla, share to extent of 6/544 i.e. 00 Kanal 3/4 Marla situated at Village Dessumajra, Hadbast no. 31, Tehsil Kharar, Distt S.A.S. Nagar, Mohali, Punjab. (hereinafter referred to the property in question) from Miss. Pooja Rani D/o Sh. Jagdish Kumar. According to the said seller below mentioned Original document is misplaced
1. Original Sale Deed 26.04.2012 bearing Vasika No. 841 executed by M/s Emerging India infrastructure Ltd. in respect of land measuring 00 Kanal 3/4 Maria in favour of Sh. Manpreet Singh S/o Sh. Balwinder Singh and Sh. Anak Singh S/o Sh. Surjeet Singh.
That Mortgagor have agreed to create mortgage in favour of my clients PNB HFL, Chandigarh in respect of the mortgage of above mentioned property. In this regard Online DDR dated 06.05.2026 Serial No. 715820/2026 in Punjab Police Station, lodged by Miss Pooja Rani D/o Sh. Jagdish Kumar for the misplace of Original documents. All person's having any claim against or in respect of the said property more particularly described in the schedule hereunder or any part thereof by way of sale, exchange. mortgage (equitable/registered or otherwise) Gift, trust, inheritance, family arrangement. Maintenance, bequest, partnership, possession, lease, sublease, tenancy, license, lien, charge, pledge, easement or otherwise howsoever are hereby requested to notify the same in writing to melus with supporting documentary evidence at the address mentioned herein below within 07 days from the date hereot, failing which the claim of claims, if any, of such person or persons will be considered to have been waived and/or abandoned and my client shall proceed with the disbursement of loan and creation of mortgage in respect thereof (Please contact Ashish Goel, Advocate. #2831, Sector-15, Panchkula, M. No. 9872333331)
So, if any Individual/Institution will claim anything regarding the missing documents, then contact undersigned within 07 days.
Ashish Goel & Associates.
#2831, Sector-15, Panchkula M. No. 9872333331

'ਆਪ' ਵਲੋਂ ਭਾਜਪਾ ਦਫ਼ਤਰ ਅੱਗੇ ਅਰਥੀ ਫੂਕ ਮੁਜ਼ਾਹਰਾ

ਲੁਧਿਆਣਾ, 10 ਮਈ (ਪਰਮਜੀਤ ਸਿੰਘ ਮਠਾੜੂ, ਕੁਲਵਿੰਦਰ ਸਿੰਘ ਸਲੇਮ ਟਾਬਰੀ): ਆਮ ਆਦਮੀ ਪਾਰਟੀ ਲੁਧਿਆਣਾ ਵਲੋਂ ਅੱਜ ਜ਼ਿਲ੍ਹਾ ਬੀਜੇਪੀ ਦਫ਼ਤਰ ਦੇ ਬਾਹਰ ਜ਼ੋਰਦਾਰ ਰੋਸ ਪ੍ਰਦਰਸ਼ਨ ਕਰ ਕੇ ਭਾਜਪਾ ਅਤੇ ਈ.ਡੀ. ਦੀ 'ਅਰਥੀ ਫੂਕੀ' ਗਈ। ਇਹ ਪ੍ਰਦਰਸ਼ਨ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਈ.ਡੀ. ਵਲੋਂ ਕੀਤੀ ਗਈ ਨਾਜਾਇਜ਼ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਖੰਗੂੜਾ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ 'ਆਪ' ਦੇ ਸਾਰੇ ਵਿਧਾਇਕ ਸਾਹਿਬਾਨ, ਕੌਂਸਲਰ ਅਤੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਸ਼ਾਮਲ ਹੋਏ। ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਖੰਗੂੜਾ ਨੇ ਕਿਹਾ ਭਾਜਪਾ ਵਲੋਂ ਕੇਂਦਰੀ ਏਜੰਸੀਆਂ ਦੀ ਵਰਤੋਂ ਕਰ ਕੇ ਲਗਾਤਾਰ ਆਮ ਆਦਮੀ ਪਾਰਟੀ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਘਰ ਅਤੇ ਦਫ਼ਤਰਾਂ 'ਤੇ ਇਕ ਸਾਲ ਵਿਚ ਤਿੰਨ ਵਾਰ ਛਾਪੇ ਮਾਰੇ ਗਏ ਹਨ। ਇਹ ਇਕ ਮਹੀਨੇ ਵਿਚ ਦੂਜੀ ਛਾਪੇਮਾਰੀ ਸੀ, ਜਿਸ ਦੌਰਾਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੰਜੀਵ ਅਰੋੜਾ ਨੂੰ ਬੀਜੇਪੀ ਵਿਚ ਸ਼ਾਮਲ ਹੋਣ ਲਈ ਦਬਾਅ ਪਾਇਆ ਜਾ ਰਿਹਾ ਸੀ। ਨਾ ਜਾਣ 'ਤੇ ਇਹ ਕਾਰਵਾਈ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਪੂਰੇ ਪੰਜਾਬ ਵਿਚ 'ਆਪ' ਵਲੋਂ ਇਸ ਧੱਕੇਸ਼ਾਹੀ ਵਿਰੁਧ ਵਿਰੋਧ ਪ੍ਰਦਰਸ਼ਨ ਉਲੀਕੇ ਗਏ ਹਨ, ਇਹ ਪ੍ਰਦਰਸ਼ਨ ਵੀ ਉਸੇ ਲੜੀ ਦਾ ਹਿੱਸਾ ਹੈ। ਖੰਗੂੜਾ ਨੇ ਦੋਸ਼ ਲਗਾਇਆ ਕਿ ਪ੍ਰਦਰਸ਼ਨ ਦੌਰਾਨ ਬੀਜੇਪੀ ਵਰਕਰਾਂ ਵਲੋਂ ਗੁੰਡਾਗਰਦੀ ਕੀਤੀ ਗਈ ਅਤੇ 'ਆਪ' ਵਰਕਰਾਂ ਨਾਲ ਹੱਥੋਪਾਈ ਕਰਨ ਦੀ ਕੋਸ਼ਿਸ਼ ਕੀਤੀ ਗਈ। ਆਮ ਆਦਮੀ ਪਾਰਟੀ ਇਸ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। 'ਆਪ' ਲੀਡਰਸ਼ਿਪ ਨੇ ਕਿਹਾ ਕਿ ਭਾਜਪਾ ਦੀ ਇਹ ਤਾਨਾਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪਾਰਟੀ ਕਾਨੂੰਨੀ ਅਤੇ ਜਮਹੂਰੀ ਤਰੀਕੇ ਨਾਲ ਇਸ ਲੜਾਈ ਨੂੰ ਲੜੇਗੀ।

ਸਫ਼ਾ 5 ਦੀ ਬਾਕੀ

ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਇਜ਼ਾਜਤ ਨਹੀਂ ਦਿਤੀ ਜਾ ਸਕਦੀ : ਮੁੱਖ ਮੰਤਰੀ

ਦੇ ਕੇ ਕਿਹਾ ਕਿ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ, 2026 ਇਹ ਯਕੀਨੀ ਬਣਾਏਗਾ ਕਿ ਬੇਅਦਬੀ ਦਾ ਕੋਈ ਵੀ ਦੋਸ਼ੀ ਕਾਨੂੰਨ ਦੀਆਂ ਕਮੀਆਂ ਦਾ ਫ਼ਾਇਦਾ ਉਠਾ ਕੇ ਸਜ਼ਾ ਤੋਂ ਬਚ ਨਾ ਸਕੇ। ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਭਗਵਾਂ ਪਾਰਟੀ ਨੇ ਫ਼ੁਟ ਪਾਊ ਰਾਜਨੀਤੀ ਰਾਹੀਂ ਮਹਾਰਾਸ਼ਟਰ, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼ ਅਤੇ ਬੰਗਾਲ ਵਿਚ ਸੱਤਾ ਹਾਸਲ ਕੀਤੀ ਹੈ, ਪਰ ਪੰਜਾਬ ਵਿਚ ਕਦੇ ਵੀ ਸਫ਼ਲ ਨਹੀਂ ਹੋਵੇਗੀ। "ਸ਼ੁਕਰਾਨਾ ਯਾਤਰਾ" ਬਾਰੇ ਬੋਲਦਿਆਂ, ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਇਹ ਯਾਤਰਾ ਪਰਮਾਤਮਾ ਦਾ ਧਨਵਾਦ ਕਰਨ ਲਈ ਕੀਤੀ ਹੈ ਜਿਸ ਨੇ ਉਨ੍ਹਾਂ ਨੂੰ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ ਸੋਧ ਐਕਟ, 2026 ਨੂੰ ਲਾਗੂ ਕਰਨ ਦਾ ਮੌਕਾ ਦਿਤਾ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸੰਗਤ ਦੇ ਵੱਡੇ ਇਕੱਠ ਨੇ ਉਨ੍ਹਾਂ ਦਾ ਸਵਾਗਤ ਅਸ਼ੀਰਵਾਦ, ਫੁੱਲਾਂ ਅਤੇ ਸਿਰੋਪਿਆਂ ਨਾਲ ਕੀਤਾ ਗਿਆ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਏ ਗਏ ਸਨ। ਉਨ੍ਹਾਂ ਕਿਹਾ,"ਤੇਜ਼ ਗਰਮੀ ਦੇ ਬਾਵਜੂਦ, ਮਾਵਾਂ, ਭੈਣਾਂ ਅਤੇ ਲੱਖਾਂ ਲੋਕ ਰਸਤੇ 'ਤੇ ਇਕੱਠੇ ਹੋਏ ਹਨ। ਮੈਂ ਉਨ੍ਹਾਂ ਦਾ ਦਿਲੋਂ ਧਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਅਪਣਾ ਆਸ਼ੀਰਵਾਦ ਅਤੇ ਸਮਰਥਨ ਦਿਤਾ।" ਅਕਾਲੀਆਂ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸੱਤਾ ਵਿਚ ਰਹਿੰਦਿਆਂ ਅਜਿਹਾ ਕਾਨੂੰਨ ਲਿਆਉਣ ਲਈ ਕਦੇ ਵੀ ਇਮਾਨਦਾਰ ਨਹੀਂ ਸਨ ਕਿਉਂਕਿ ਉਨ੍ਹਾਂ ਦੇ ਇਰਾਦੇ ਗਲਤ ਸਨ। ਉਨ੍ਹਾਂ ਕਿਹਾ,"ਅਕਾਲੀਆਂ ਨੇ ਰਾਜਨੀਤਿਕ ਲਾਭ ਲਈ ਬੇਅਦਬੀ ਦੀਆਂ ਘਟਨਾਵਾਂ ਨੂੰ ਹੋਣ ਦਿਤਾ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਅੱਗੇ ਅਪਣੀਆਂ ਗਲਤੀਆਂ ਮੰਨੀਆਂ ਪਰ ਬਾਅਦ ਵਿਚ ਜਨਤਕ ਤੌਰ 'ਤੇ ਉਨ੍ਹਾਂ ਤੋਂ ਇਨਕਾਰ ਕਰ ਦਿਤਾ। ਜੋ ਤਖ਼ਤ ਅੱਗੇ ਝੂਠ ਬੋਲ ਸਕਦੇ ਹਨ ਉਹ ਕਦੇ ਵੀ ਕਿਸੇ ਦੇ ਵਫ਼ਾਦਾਰ ਨਹੀਂ ਹੋ ਸਕਦੇ।" ਪੰਜਾਬ ਸਰਕਾਰ ਦੀਆਂ ਭਲਾਈ ਪਹਿਲਕਦਮੀਆਂ ਨੂੰ ਉਜਾਗਰ ਕਰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਜਨਤਕ ਪੈਸਾ ਹੁਣ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਵਿਕਾਸ 'ਤੇ ਪਾਰਦਰਸ਼ੀ ਢੰਗ ਨਾਲ ਖ਼ਰਚ ਕੀਤਾ ਜਾ ਰਿਹਾ ਹੈ।

ਪੰਜਾਬ ਨੂੰ ਮਮਤਾ ਦਾ ਬੰਗਾਲ ਬਣਾਉਣ ਦੀਆਂ 'ਆਪ' ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਣ ਦਿਆਂਗੇ : ਜਾਖੜ

ਦਾ ਸਨਮਾਨ ਕਰਦੇ ਹਾਂ ਪਰ ਅਜਿਹਾ ਕਰਦੇ ਸਮੇਂ ਕਿਸੇ ਨੂੰ ਵੀ ਕਾਨੂੰਨ ਹੱਥ ਵਿਚ ਲੈਣ ਦੀ ਆਗਿਆ ਨਹੀਂ ਹੁੰਦੀ। ਚੰਗਾ ਹੋਵੇ ਜੇਕਰ ਮਰਿਆਦਾ ਵਿਚ ਰਹਿ ਕੇ ਸਿਆਸਤ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ 'ਆਪ' ਦਾ ਕਿਸ ਹੱਦ ਤਕ ਨੈਤਿਕ ਪਤਨ ਹੋ ਚੁੱਕਾ ਹੈ ਕਿ ਭ੍ਰਿਸ਼ਟਾਚਾਰ ਵਿਰੁਧ ਧਰਨੇ ਪ੍ਰਦਰਸ਼ਨ ਕਰ ਕੇ ਬਣੀ ਪਾਰਟੀ ਅੱਜ ਭ੍ਰਿਸ਼ਟਾਚਾਰੀਆਂ ਦੇ ਹੱਕ ਵਿਚ ਧਰਨੇ ਪ੍ਰਦਰਸ਼ਨ ਕਰ ਰਹੀ ਹੈ। ਭਾਜਪਾ ਪ੍ਰਧਾਨ ਨੇ ਕਿਹਾ ਕਿ ਪੁਲਿਸ ਬਿਨਾਂ ਦੇਰੀ ਇਸ ਗੁੰਡਾਗਰਦੀ ਵਿਰੁਧ ਸਖ਼ਤ ਕਾਰਵਾਈ ਕਰੇ। ਕੈਮਰੇ ਤੇ ਸਪੱਸ਼ਟ ਵਿਖਾਈ ਦੇ ਰਿਹਾ ਹੈ ਕਿ 'ਆਪ' ਦੇ ਵਿਧਾਇਕ ਭਾਜਪਾ ਦਫ਼ਤਰ ਵਿਚ ਜਾ ਕੇ ਮਾਰਕੁੱਟ ਕਰ ਰਹੇ ਹਨ। ਇਹ ਬਰਦਾਸ਼ਤ ਨਹੀਂ ਹੋਵੇਗਾ।

ਮੌਜੂਦਾ ਜਥੇਦਾਰ 2 ਦਸੰਬਰ 2024 ਦੇ ਹੁਕਮਨਾਮੇ ਲਾਗੂ ਕਰਵਾਉਣ : ਰਵੀਇੰਦਰ ਸਿੰਘ

'ਤੇ ਬਿਆਨ ਦੇ ਕੇ ਇਸ ਮੁਕੱਦਸ ਅਸਥਾਨ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਦਿਆਂ, ਇਨ੍ਹਾਂ ਫ਼ੈਸਲਿਆਂ ਨੂੰ ਸਾਜ਼ਿਸ਼ ਕਰਾਰ ਦੇ ਦਿਤਾ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਦੀਆਂ ਨਿਯੁਕਤੀਆਂ ਕੰਮ ਚਲਾਊ ਭਾਵ ਕਾਰਜਕਾਰੀ ਜਥੇਦਾਰ ਵਜੋਂ ਹੀ ਹੋ ਰਹੀਆਂ ਹਨ। ਜਿਸ ਕਾਰਨ ਪੰਥ ਦੇ ਅਹਿਮ ਫ਼ੈਸਲਿਆਂ 'ਤੇ ਮੁਸ਼ਕਲਾਂ ਆਉਣੀਆਂ ਕੁਦਰਤੀ ਹਨ। ਇਸ ਲਈ ਪੂਰੀ ਕੌਮ ਦੀਆਂ ਸੰਸਥਾਵਾਂ ਨਾਲ ਸਲਾਹ ਮਸ਼ਵਰਾ ਕਰ ਕੇ ਸ਼੍ਰਮਣੀ ਕਮੇਟੀ ਨੂੰ ਇਸ ਮਹਾਨ ਸੰਸਥਾ ਦੇ ਜਥੇਦਾਰ ਸਾਹਿਬ ਦੀ ਪੱਕੀ ਨਿਯੁਕਤੀ ਕਰਨੀ ਚਾਹੀਦੀ ਹੈ।

ਖ਼ੂਨਦਾਨੀ ਸੰਸਥਾ ਪੀ.ਬੀ.ਜੀ. ਵੈੱਲਫ਼ੇਅਰ ਕਲੱਬ ਵਲੋਂ ਇਕ ਵਾਰ ਫਿਰ 'ਉੱਚਾ ਦਰ..' ਦੇਖਣ ਦਾ ਫ਼ੈਸਲਾ

ਦੌਰਾਨ ਪਿਛਲੇ ਸਾਲ ਲਾਏ ਗਏ 'ਮੇਲਾ ਖ਼ੂਨਦਾਨੀਆਂ ਦਾ' ਅਤੇ ਇਸ ਵਾਰ ਲੱਗਣ ਵਾਲੇ ਮੇਲੇ ਸਬੰਧੀ ਪਿਛਲੀਆਂ ਕਮੀਆਂ-ਪੇਸ਼ੀਆਂ ਅਤੇ ਤਰੁੱਟੀਆਂ ਦਾ ਵਿਸ਼ਲੇਸ਼ਣ ਕਰ ਕੇ ਇਹ ਯਕੀਨੀ ਬਣਾਇਆ ਗਿਆ ਕਿ ਭਵਿੱਖ ਇਸ ਤਰ੍ਹਾਂ ਦੀਆਂ ਕਮੀਆਂ ਨਹੀਂ ਰਹਿਣ ਦਿਤੀਆਂ ਜਾਣਗੀਆਂ। ਕਲੱਬ ਦੇ ਇਸਤਰੀ ਵਿੰਗ ਵਲੋਂ ਸਿਮਰਨਜੀਤ ਕੌਰ, ਨੀਰੂ ਪੁਰੀ, ਮਾਹੀ ਵਰਮਾ, ਮੰਜੂ ਬਾਲਾ, ਗੁਰਵਿੰਦਰ ਕੌਰ, ਮਾਨਸੀ ਕਾਲੜਾ ਨੇ ਦਸਿਆ ਕਿ ਭਵਿੱਖ ਵਿਚ ਵੀ ਪ੍ਰਵਾਰਾਂ ਸਮੇਤ ਇਕ ਵਾਰ ਫਿਰ 'ਉੱਚਾ ਦਰ ਬਾਬੇ ਨਾਨਕ ਦਾ' ਅਜਾਇਬ ਘਰ ਦੇਖਣ ਦਾ ਫ਼ੈਸਲਾ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅਮਨਦੀਪ ਸਿੰਘ ਗੁਲਾਟੀ, ਰੱਜਤ ਛਾਬੜਾ, ਗੁਰਪ੍ਰੀਤ ਸਿੰਘ ਗੋਪੀ, ਲਵਲੀ ਅਰੋੜਾ, ਜਸਬੀਰ ਸਿੰਘ ਜਸ਼ਨ ਮੱਕੜ ਆਦਿ ਵੀ ਹਾਜਰ ਸਨ।

ਪੰਜਾਬ ਵਿਚ ਅੱਜ ਪੈ ਸਕਦੈ ਕਈ ਥਾਈਂ ਮੀਂਹ

ਦਰਜ ਕੀਤਾ ਗਿਆ। ਪਟਿਆਲਾ ਅਤੇ ਰੂਪਨਗਰ ਵਿਚ ਸੱਭ ਤੋਂ ਵੱਧ ਤਾਪਮਾਨ ਵਿਚ ਵਾਧਾ ਹੋਇਆ। ਚੰਡੀਗੜ੍ਹ ਵਿਚ ਵੱਧ ਤੋਂ ਵੱਧ ਤਾਪਮਾਨ 35.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੰਮ੍ਰਿਤਸਰ ਵਿਚ 35.5 ਡਿਗਰੀ ਸੈਲਸੀਅਸ, ਲੁਧਿਆਣਾ ਵਿਚ 35.2 ਡਿਗਰੀ ਸੈਲਸੀਅਸ ਅਤੇ ਪਟਿਆਲਾ ਵਿੱਚ 36.0 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਪੱਛਮੀ ਗੜਬੜ ਹੁਣ ਪੂਰਬੀ ਬਿਹਾਰ ਉੱਤੇ ਇਕ ਚੱਕਰਵਾਤੀ ਸਰਕੂਲੇਸ਼ਨ ਦੇ ਰੂਪ ਵਿਚ ਸਰਗਰਮ ਹੈ। ਇਸ ਦੌਰਾਨ, ਮੱਧ ਪਾਕਿਸਤਾਨ ਅਤੇ ਪੰਜਾਬ-ਰਾਜਸਥਾਨ ਨਾਲ ਜੁੜੀ ਉਪਰੀ ਹਵਾ ਪ੍ਰਣਾਲੀ ਹੁਣ ਮੱਧ ਰਾਜਸਥਾਨ ਤਕ ਪਹੁੰਚ ਗਈ ਹੈ। ਇਸ ਤੋਂ ਇਲਾਵਾ, ਇਕ ਨਵੀਂ ਪੱਛਮੀ ਗੜਬੜੀ 10 ਮਈ ਤੋਂ ਪੱਛਮੀ ਹਿਮਾਲਿਆਈ ਖੇਤਰਾਂ ਨੂੰ ਪ੍ਰਭਾਵਤ ਕਰ ਸਕਦੀ ਹੈ। ਮੌਸਮ ਵਿਗਿਆਨ ਕੇਂਦਰ, ਚੰਡੀਗੜ੍ਹ ਦੇ ਡਾਇਰੈਕਟਰ ਸੁਰੇਂਦਰ ਪਾਲ ਦੇ ਅਨੁਸਾਰ, 11 ਤੋਂ 14 ਮਈ ਤਕ ਰਾਜ ਵਿਚ ਵੱਖ-ਵੱਖ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਤੋਂ ਬਾਅਦ, ਮੌਸਮ ਖੁਸ਼ਕ ਰਹਿਣ ਦੀ ਉਮੀਦ ਹੈ। ਅਗਲੇ ਸੱਤ ਦਿਨਾਂ ਵਿਚ ਵੱਧ ਤੋਂ ਵੱਧ ਤਾਪਮਾਨ ਹੌਲੀ-ਹੌਲੀ 3 ਤੋਂ 5 ਡਿਗਰੀ ਸੈਲਸੀਅਸ ਵਧਣ ਦੀ ਉਮੀਦ ਹੈ।

ਮਹਾਰਾਣਾ ਪ੍ਰਤਾਪ ਦੀ 486ਵੀਂ ਜੈਯੰਤੀ ਮੌਕੇ ਕਰਵਾਇਆ ਸਮਾਗਮ

ਪ੍ਰਤਾਪ ਦਾ ਸੰਘਰਸ਼ਮਈ ਜੀਵਨ ਅੱਜ ਵੀ ਦੇਸ਼ ਦੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ, ਸ਼ਹੀਦਾਂ ਅਤੇ ਬਹਾਦਰਾਂ ਦੀ ਧਰਤੀ ਹੈ ਅਤੇ ਇਥੇ ਹਮੇਸ਼ਾ ਦੇਸ਼ ਦੀ ਏਕਤਾ ਅਤੇ ਸੁਰੱਖਿਆ ਲਈ ਕੁਰਬਾਨੀਆਂ ਦਿਤੀਆਂ ਗਈਆਂ ਹਨ। ਮਹਾਰਾਣਾ ਪ੍ਰਤਾਪ ਦਾ ਜੀਵਨ ਸਾਨੂੰ ਮੁਸ਼ਕਲ ਹਾਲਾਤ ਵਿਚ ਵੀ ਆਪਣੇ ਅਸੂਲਾਂ 'ਤੇ ਡਟੇ ਰਹਿਣ ਦੀ ਸਿਖਿਆ ਦਿੰਦਾ ਹੈ। ਇਸ ਮੌਕੇ ਬਲਾਚੌਰ ਦੇ ਵਿਧਾਇਕ ਸੰਤੋਸ਼ ਕਟਾਰੀਆ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਰਾਜਪੂਤ ਸਭਾ ਬਲਾਚੌਰ ਦੇ ਪ੍ਰਧਾਨ ਭੁਪਿੰਦਰ ਸਿੰਘ ਰਾਣਾ, ਸਰਪ੍ਰਸਤ ਰਾਣਾ ਸੁਭਾਸ਼ ਸਿੰਘ ਅਤੇ ਬਾਬਾ ਬਲਰਾਜ ਮੰਦਰ ਦੇ ਚੇਅਰਮੈਨ ਰਾਣਾ ਜਗਦੀਸ਼ ਸਿੰਘ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਰਹੀਆਂ।

ਮਿਆਮੀ ਬੀਚ 'ਤੇ ਕਿਸ਼ਤੀ 'ਚ ਧਮਾਕਾ, 11 ਲੋਕ ਗੰਭੀਰ ਜ਼ਖ਼ਮੀ

ਮਿਆਮੀ, 10 ਮਈ : ਅਮਰੀਕਾ ਦੇ ਮਿਆਮੀ ਸ਼ਹਿਰ ਦੇ ਨੇੜੇ ਇਕ ਚਾਰਟਰ ਕਿਸ਼ਤੀ ਵਿਚ ਜ਼ਬਰਦਸਤ ਧਮਾਕਾ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਸ ਧਮਾਕੇ ਵਿਚ ਲਗਭਗ ਇਕ ਦਰਜਨ ਲੋਕ ਜ਼ਖ਼ਮੀ ਹੋ ਗਏ। ਮਿਆਮੀ-ਡੇਡ ਫ਼ਾਇਰ ਰੈਸਕਿਊ ਏਜੰਸੀ ਅਨੁਸਾਰ ਇਹ ਹਾਦਸਾ ਦੁਪਹਿਰ ਨੂੰ ਬਿਸਕੇਨ ਬੇਅ ਵਿਚ ਹੌਲਓਵਰ ਸੈਂਡਬਾਰ ਦੇ ਨੇੜੇ ਵਾਪਰਿਆ। ਫ਼ਲੋਰੀਡਾ ਫ਼ਿਸ਼ ਐਂਡ ਵਾਈਲਡਲਾਈਫ਼ ਕੰਜ਼ਰਵੇਸ਼ਨ ਕਮਿਸ਼ਨ ਵਲੋਂ ਦਿਤੀ ਗਈ ਮੁਢਲੀ ਜਾਣਕਾਰੀ ਅਨੁਸਾਰ ਕਿਸ਼ਤੀ 'ਤੇ ਸਵਾਰ ਯਾਤਰੀ ਉਸ ਸਮੇਂ ਜ਼ਖ਼ਮੀ ਹੋ ਗਏ ਜਦੋਂ ਅਚਾਨਕ ਬੋਰਡ 'ਤੇ ਧਮਾਕਾ ਹੋਇਆ। ਮਿਆਮੀ-ਡੇਡ ਫ਼ਾਇਰ ਰੈਸਕਿਊ ਨੇ ਇਕ ਬਿਆਨ ਵਿਚ ਦਸਿਆ ਕਿ ਦੁਪਹਿਰ ਲਗਭਗ 12:48 ਵਜੇ ਵਾਪਰੀ ਇਸ ਘਟਨਾ ਤੋਂ ਬਾਅਦ ਦੋ ਦਰਜਨ ਤੋਂ ਵੱਧ ਬਚਾਅ ਇਕਾਈਆਂ ਮੌਕੇ 'ਤੇ ਪਹੁੰਚੀਆਂ। ਏਜੰਸੀ ਨੇ ਪੁਸ਼ਟੀ ਕੀਤੀ ਹੈ ਕਿ 11 ਲੋਕਾਂ ਨੂੰ ਇਲਾਜ ਲਈ ਸਥਾਨਕ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਨੂੰ ਤੁਰਤ ਡਾਕਟਰੀ ਸਹਾਇਤਾ ਦੀ ਲੋੜ ਸੀ। ਇਸ ਬਚਾਅ ਕਾਰਜ ਵਿਚ ਅਮਰੀਕੀ ਕੋਸਟ ਗਾਰਡ ਦੀਆਂ ਟੀਮਾਂ ਵੀ ਸ਼ਾਮਲ ਸਨ। ਫ਼ਿਲਹਾਲ ਕਿਸੇ ਵੀ ਏਜੰਸੀ ਨੇ ਜ਼ਖ਼ਮੀਆਂ ਦੀ ਹਾਲਤ ਬਾਰੇ ਕੋਈ ਵਿਸਤ੍ਰਿਤ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ।

ਕਬਜ਼ਾ ਨੋਟਿਸ

ਐਡਲਵੇਸਿਸ ਐਸਟ ਰੀਕੰਸਟਰੱਕਸ਼ਨ ਕੰਪਨੀ ਲਿਮਿਟਿਡ
CIN : U67100MH2007PLC174759
ਰੀਟੇਲ ਸੈਂਟਰਲ ਅਤੇ ਰਜਿ. ਦਫ਼ਤਰ : ਐਡਲਵੇਸਿਸ ਹਾਊਸ, ਆਫ਼ ਸੀਐਸਟੀ ਰੋਡ, ਕਲੀਨਾ, ਮੁੰਬਈ 400098

ਅੰਤਿਕਾ IV [ਰੂਲ 8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂਕਿ ਨਿਮਨਹਸਤਾਖ਼ੀ ਨੇ ਅਧਿਕਾਰਤ ਅਫ਼ਸਰ ਵਜੋਂ ਸਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਉਰਟੀ ਇੰਟਰਸਟ (ਐਕਟ) 2002 ਅਧੀਨ ਅਤੇ ਸਕਿਉਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਲਿਖੀਆਂ ਮਿਤੀਆਂ ਨੂੰ ਸਬੰਧਤ ਕਰਜ਼ਦਾਰਾਂ ਨੂੰ ਡਿਮਾਂਡ ਨੋਟਿਸ ਜਾਰੀ ਕਰ ਕੇ ਇਨ੍ਹਾਂ ਕਰਜ਼ਦਾਰਾਂ ਨੂੰ ਸਬੰਧਤ ਨੋਟਿਸਾਂ ਵਿਚ ਦਰਸਾਈ ਰਾਸ਼ੀ(ਆਂ) ਸਮੇਤ ਵਿਆਜ਼ ਅਤੇ ਹੋਰ ਖਰਚੇ ਦਾ ਭੁਗਤਾਨ ਨੋਟਿਸ ਦੀ ਮਿਤੀ ਦੇ 60 ਦਿਨਾਂ ਦੇ ਅੰਦਰ-ਅੰਦਰ ਕਰਨ ਲਈ ਕਿਹਾ ਗਿਆ।
ਇਸ ਤੋਂ ਬਾਅਦ, ਇੱਥੇ ਜ਼ਿਕਰ ਕੀਤੇ ਅਸਾਈਨਰ ਨੇ, ਈਡਲਵੇਸਿਸ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਿਟਿਡ ਨੂੰ ਵਿੱਤੀ ਸੰਪੱਤੀਆਂ ਸੌਂਪੀਆਂ ਹਨ ਜੋ ਇਸ ਦੇ ਅਧੀਨ ਵਰਣਿਤ ਵੱਖ-ਵੱਖ ਟਰੱਸਟਾਂ ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਅਨੁਸਾਰ ਕੰਮ ਕਰ ਰਹੀਆਂ ਹਨ (ਇਸ ਤੋਂ ਬਾਅਦ EARC ਵਜੋਂ ਜਾਣਿਆ ਜਾਂਦਾ ਹੈ)। ਅਸਾਈਨਮੈਂਟ ਸਮਝੌਤਿਆਂ ਦੇ ਅਨੁਸਾਰ, ਸਰਫਾਇਸੀ ਐਕਟ, 2002 ਦੀ ਧਾਰਾ 5 ਦੇ ਤਹਿਤ, EARC ਨੇ ਅਸਾਈਨ ਕਰਨ ਵਾਲੇ ਖਿਲਾਫ਼ ਕਦਮ ਚੁੱਕਿਆ ਹੈ ਅਤੇ ਅੰਡਰਲਾਈਂਗ ਸੁਕਿਉਰਿਟੀ ਐਸੇਟਸ , ਗਾਰੰਟੀਆਂ, ਵਾਅਦੇ ਸਮੇਤ ਵਿੱਤੀ ਸੰਪਤੀਆਂ ਦੇ ਸਬੰਧ ਵਿੱਚ ਅਸਾਈਨਮੈਂਟ ਦੇ ਸਾਰੇ ਅਧਿਕਾਰ, ਸਿਰਲੇਖ ਅਤੇ ਹਿੱਤ ਕਰਜ਼ਾ ਲੈਣ ਵਾਲੇ ਦੁਆਰਾ ਪ੍ਰਾਪਤ ਕੀਤੀ ਵਿੱਤੀ ਸਹਾਇਤਾ ਦੇ ਸਬੰਧ ਵਿੱਚ EARC ਵਿੱਚ ਨਿਯਤ ਕੀਤਾ ਗਿਆ ਹੈ ਅਤੇ EARC ਸਕਿਉਰਡ ਕ੍ਰੈਡੀਟਰ ਵਜੋਂ ਆਪਣੇ ਸਾਰੇ ਅਧਿਕਾਰਾਂ ਦੀ ਵਰਤੋਂ ਕਰਦਾ ਹੈ।
ਇਹ ਕਰਜ਼ਦਾਰ ਅਪਣੀ ਰਾਸ਼ੀ ਦਾ ਭੁਗਤਾਨ ਕਰਨ ਵਿਚ ਨਾਕਾਮ ਰਹੇ। ਇਸ ਕਾਰਨ ਇਸ ਨੋਟਿਸ ਰਾਹੀਂ ਇਨ੍ਹਾਂ ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਈਡਲਵੇਸਿਸ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਿਟਿਡ ਅਧਿਕਾਰਤ ਅਫ਼ਸਰ ਨੇ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਸੈਕਸ਼ਨ 13(4), ਜਿਸ ਨੂੰ ਉਪਰੋਕਤ ਰੂਲਜ਼ ਦੇ ਨਿਯਮ 8 ਨਾਲ ਪੜ੍ਹਿਆ ਜਾਵੇ, ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਜਾਇਦਾਦ ਸਾਹਮਣੇ ਦਰਸਾਈ ਮਿਤੀ ਨੂੰ ਕਬਜ਼ਾ ਲੈ ਲਿਆ ਹੈ।

ਲੜੀ ਨੰ.	ਅਸਾਈਨਰ ਦਾ ਨਾਂ	ਟਰੱਸਟ ਦਾ ਨਾਂ	ਲੋਨ ਖਾਤਾ ਨੰਬਰ	ਕਰਜ਼ਦਾਰ ਅਤੇ ਸਹਿ ਕਰਜ਼ਦਾਰ ਦਾ ਨਾਂ	ਰਕਮ ਅਤੇ ਡਿਮਾਂਡ ਨੋਟਿਸ ਦੀ ਮਿਤੀ	ਕਬਜੇ ਦੀ ਮਿਤੀ	ਕਬਜੇ ਦਾ ਸਟੇਟਸ
1.	ਐਚਡੀਬੀ ਫਾਇਨੈਂਸ਼ੀਅਲ ਸਰਵਿਸ ਲਿਮਿਟਿਡ (ਐਚਡੀਐਫਐਸਐਲ)	ਈਏਆਰਸੀ ਟਰੱਸਟ ਐਸਸੀ-410	540106	ਪਰਮਜੀਤ ਕੌਰ ਭੱਟੀ (ਕਰਜ਼ਦਾਰ) ਅਤੇ ਆਸ਼ਾ ਰਾਣੀ ਭੱਟੀ (ਸਹਿ ਕਰਜ਼ਦਾਰ)	Rs. 98,20,237/- & 20-02-2026	08.05.2026	ਭੌਤਿਕ ਕਬਜਾ

ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ/ਮਕਾਨ ਜਿਸ ਦਾ ਖਾਤਾ ਨੰ. 475/583,584, ਖਸਰਾ ਨੰ. 3//11/1/2/2/2, 12/2, 19/2, 19/3, 19/4, 19/5, 20/1/1/1 20/1/1/2, 3//20/2/1, 20/2/1/2 20/3/1/2, 21/2, 4//23/3/2/3, 25, 8//5/1, 9//1/1/1 ਮਿਣਤੀ 3 ਮਰਲੇ 14 ਵ. ਫ਼ੁਟ, ਜਾਂ 830 ਵ. ਫ਼ੁਟ ਮਰਲੇ 272 ਵ.ਫ਼ੁਟ, ਅਤੇ ਪਲਾਟ ਨੰ. 29 ਜਿਸ ਦਾ ਖਸਰਾ ਨੰ.9//10/1/2, 11/1/1, 8//16/2, 9//1/1/2, 10/2, 11/1/2/2, 8//5/3, 6/2, 15/1/2,15/2/3 ਮਿਣਤੀ 2 ਮਰਲੇ 266 ਵ.ਫ਼ੁਟ, ਜਾਂ 810 ਵ.ਫ਼ੁਟ ਸਥਿਤ ਹੈ ਰੇਰੂ, ਜਲੰਧਰ ਤਹਿਸੀਲ ਜ਼ਿਲ੍ਹਾ ਜਲੰਧਰ, ਹੱਦਾਂ: ਉੱਤਰ: ਹੋਰ, ਦੱਖਣ:ਹੋਰ, ਪੂਰਬ: ਹੋਰ ਪੱਛਮ: ਰਸਤਾ, (1) ਸੇਲਡੀਡ ਨੰ. 6485 ਮਿਤੀ 13.01.2005 ਸਬ ਰਜਿਸਟਰਾਰ ਜਲੰਧਰ ਵਿਖੇ ਰਜਿਸਟਰ, (2) ਸੇਲ ਡੀਡ ਨੰ. 6463 ਮਿਤੀ 08.09.2009 ਸਬ ਰਜਿਸਟਰਾਰ ਜਲੰਧਰ ਵਿਖੇ ਰਜਿਸਟਰ

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ। ਖ਼ਾਸ ਤੌਰ 'ਤੇ ਕਰਜ਼ਦਾਰ ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਦਰਸਾਈ ਰਕਮ ਅਤੇ ਇਸ 'ਤੇ ਵਿਆਜ ਦੀ ਵਸੂਲੀ ਲਈ ਐਡਲਵੇਸਿਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਿਟਿਡ ਕੋਲ ਹੈ।

ਸਥਾਨ : ਜਲੰਧਰ
ਮਿਤੀ : 08-05-2026
ਸਹੀ/- ਅਧਿਕਾਰਤ ਅਫ਼ਸਰ
ਐਡਲਵੇਸਿਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਿਟਿਡ
Edelweiss Asset Reconstruction

pnb Housing Finance Limited Ghar Ki Baat

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਅਸੈੱਟਸ ਐਂਡ ਇਨਫਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ
ਰਜਿ: ਦਫਤਰ: ਨੌਵੀਂ ਮੰਜਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com
ਬ੍ਰਾਂਚ ਪਤਾ : ਐਸਸੀਓ 323-324, ਦੂਜੀ ਮੰਜ਼ਿਲ,ਐਸਸੀਓ 323-324, ਸੈਕਟਰ 35, ਚੰਡੀਗੜ੍ਹ-160022

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰ(ਾਂ) ਅਤੇ ਗਰੰਟਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਿਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿਤੇ ਵਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9(1) ਤਹਿਤ ਕਾਲਮ ਨੰ.'ਏ' ਵਿਚ ਦਿਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੋਧ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕ੍ਰਿਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ., ਕਰਜ਼ਦਾਰ/ਸਹਿ ਕਰਜ਼ਦਾਰ/ ਗਰੰਟਰ(ਜ਼)/ਕਾਨੂੰਨੀ ਵਾਰਸ ਦਾ ਨਾਮ(ਏ)	ਮੰਗੀ ਗਈ ਰਕਮ ਅਤੇ ਮਿਤੀ (ਬੀ)	ਕਬਜ਼ੇ ਦੀ ਕਿਸਮ (ਸੀ)	ਗਿਰਵੀ ਜਾਇਦਾਦਾਂ ਦਾ ਵੇਰਵਾ (ਡੀ)	ਰਾਖਵੀਂ ਕੀਮਤ (ਆਰ.ਪੀ.)(ਈ)	ਈਐਮਡੀ(ਆਰਪੀ ਦਾ 10%) (ਐਫ਼)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (ਜੀ)	ਬੋਲੀ ਵਾਧਾ ਦਰ (ਐਚ)	ਪੜਤਾਲ ਦੀ ਮਿਤੀ ਤੇ ਸਮਾਂ (ਆਈ)	ਨਿਲਾਮੀ ਦੀ ਮਿਤੀ ਅਤੇ ਸਮਾਂ (ਜੇ)	ਕੋਈ ਝੰਜਟ /ਕੋਰਟ ਕੇਸ ਜੇ ਹਵੇ ਤਾਂ (ਕੇ)
NHL/CHD/0217/355957 ਭਗਵੰਤ ਸਿੰਘ/ਸ਼੍ਰੀਮਤੀ ਜਸਬੀਰ ਕੌਰ ਪਤਨੀ ਜਗਤਾਰ ਸਿੰਘ (ਕਰਜ਼ਦਾਰ), ਸ੍ਰੀ ਮੰਗਤ ਸਿੰਘ ਪੁੱਤਰ ਸ੍ਰੀ ਜਗਤਾਰ ਸਿੰਘ (ਕਰਜ਼ਦਾਰ) ਅਤੇ ਐਨੀਵ੍ਰੈਬ ਡਿਜ਼ਾਈਨ ਪ੍ਰਾ. ਲਿਮ. (ਰਾਹੀਂ ਇਸ ਦੇ ਡਾਇਰੈਕਟਰ) (ਕਰਜ਼ਦਾਰ) ਬਰਾਂਚ ਦਫਤਰ: ਚੰਡੀਗੜ੍ਹ	Rs. 30,46,430.34 & 23-06-2023	ਭੌਤਿਕ	ਦਫ਼ਤਰ ਨੰ. 473, ਚੌਥੀ ਮੰਜ਼ਿਲ, ਬਲਾਕ ਨੰ. ਡੀ ਅਤੇ ਈ ਚੰਡੀਗੜ੍ਹ ਸਿਟੀ ਸੈਂਟਰ, ਵੀਆਈਪੀ ਰੋਡ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਐਸਏਐਸ ਨਗਰ, ਪੰਜਾਬ 140603	ਰੁ. 23,04,000	ਰੁ. 2,30,400	27/05/2026	ਰੁ. 10,000	15-05-2026, ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	28-05-2026, ਨੂੰ ਦੁ. 02.00 ਵਜੇ ਤੋਂ ਬਾ.ਦੁ. 3.00 ਵਜੇ	ਖਪਤਕਾਰ ਮਾਮਲੇ ਦਾ ਫੈਸਲਾ ਬਿਲਡਰ ਦੇ ਖਿਲਾਫ ਕਰਜ਼ਦਾਰ ਬਿਲਡਰ ਸੀਐਸ/108/ 2023ਡੀਸੀਡੀਆਰਸੀ ਐਸਏਐਸ ਨਗਰ ਦੇ ਹੱਕ ਵਿੱਚ ਹੋਇਆ ਅਤੇ ਬਿਲਡਰ ਦੇ ਬਕਾਏ ਹੋ ਸਕਦੇ ਹਨ।

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ। 1. ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ। 2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂ ਆਦਿ ਬਾਰੇ ਜੇ ਕੋਈ ਹੈ, ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ। 3. ਕ੍ਰਿਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੌਂਡ ਦੇ ਰੂਪ ਵਿਚ ਉਸੇ ਦਿਨ ਜਮਾਂ ਕਰਾਉਣਾ ਹੋਵੇਗਾ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ। 4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ਼ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਕਿਸੇ ਵੀ ਸਹਾਇਤਾ ਲਈ ਖੇਮ ਰਾਜ, ਟੋਲ ਫ੍ਰੀ ਨੰ.: 1800 120 8800, ਈਮੇਲ ਆਈਡੀ : auction@pnbhousing.com ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨਾਲ ਸੰਪਰਕ ਕਰੋ ਜਾਂ www.pnbhhouse.com ਦਾ ਹਵਾਲਾ ਲਓ।

ਸਥਾਨ : ਚੰਡੀਗੜ੍ਹ, ਮਿਤੀ : 11.05.2026
ਸਹੀ/- ਅਧਿਕਾਰਤ ਅਫ਼ਸਰ, ਮੈਸ. ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ

Rajinder Singh, Publisher & Printer: printed at Jagjit Publishing Company Private Limited, D-12, Industrial Area, Phase-1, Mohali and Published from Kothi No. 1079, Sector 8-C, Chandigarh. Bhola Singh Preet Dy. News Editor (Responsible for selection of News Under PRB Act) email : spokesmanphoto@gmail.com Phone (Mohali) : +91-172-3047678, 3047683, 3047690 Chd.Office : 0172-4576069. RNI NO. CHA PUN/2005/15875. WPP Postal Regd. No. CHD/108/09-11.